ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ
ਐਟ ਪੰ.ਸ.ਸਿੱ.ਬੋਰਡ ਕੰਪਲੈਕਸ, ਫੇਜ਼-VIII, ਐਸ.ਏ.ਐਸ. ਨਗਰ।
(ਕੋਆਰਡੀਨੇਸ਼ਨ ਸ਼ਾਖਾ)
(email. dgsecoordination@punjabeducation.gov.in)

---

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ), ਪੰਜਾਬ।

ਮੀਮੋ ਨੰ. 798054/DPISE-Cord/86/2024
ਮਿਤੀ:

ਵਿਸ਼ਾ:- ਆਬਕਾਰੀ ਤੇ ਕਰ ਵਿਭਾਗ ਵਿੱਚ ਫੀਲਡ ਦਫਤਰ ਅਧੀਨ ਸੀਨੀਅਰ ਸਹਾਇਕਾਂ ਅਤੇ ਲੇਖਾਕਾਰਾਂ ਦੀਆਂ ਆਸਾਮੀਆਂ ਬਦਲੀ ਰਾਹੀਂ ਭਰਨ ਬਾਰੇ।

ਹਵਾਲਾ: ਪੰਜਾਬ ਸਰਕਾਰ, ਆਬਕਾਰੀ ਤੇ ਕਰ ਵਿਭਾਗ ਦਾ ਪੱਤਰ ਨੰ. FCS-ET-12025/15/2024-ET2 (6)/9399 ਮਿਤੀ 20.11.2024.

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਨੂੰ ਯੋਗ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਨੱਥੀ: ਉਕਤ ਅਨੁਸਾਰ

27.11.24

ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)

ਪਿੱ.ਅੰ. ਨੰ. ਉਕਤ/2024304232-35 ਮਿਤੀ 27-11-24

1. ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।
2. ਸਮੂਹ ਅਧਿਕਾਰੀ/ਸ਼ਾਖਾ ਮੁਖੀ, ਡੀ.ਐਸ.ਈ. (ਸੈਕੰਡਰੀ/ਐਲੀਮੈਂਟਰੀ), ਪੰਜਾਬ।
3. ਸਮੂਹ ਅਧਿਕਾਰੀ/ਸ਼ਾਖਾ ਮੁਖੀ, ਡੀ.ਜੀ.ਐਸ.ਈ. ਪੰਜਾਬ।
4. ਸਮੂਹ ਅਧਿਕਾਰੀ/ਸ਼ਾਖਾ ਮੁਖੀ, ਦ. ਐਸ.ਸੀ.ਈ.ਆਰ.ਟੀ. ਪੰਜਾਬ।

27.11.24

ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)

**ਪੰਜਾਬ ਸਰਕਾਰ**

**ਆਬਕਾਰੀ ਤੇ ਕਰ ਵਿਭਾਗ**

ਸੇਵਾ ਵਿਖੇ

1. ਰਾਜ ਦੇ ਸਮੂੰਹ ਵਿਭਾਗਾਂ ਦੇ ਮੁੱਖੀ।
2. ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰ ।
3. ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ।

ਮੀਮੋ ਨੰ:- FCS-ET-12025/15/2024-ET 2(6)/19399
ਮਿਤੀ :- 20/11/2024

ਵਿਸ਼ਾ: ਆਬਕਾਰੀ ਤੇ ਕਰ ਵਿਭਾਗ ਵਿੱਚ ਫੀਲਡ ਦਫਤਰ ਅਧੀਨ ਸੀਨੀਅਰ ਸਹਾਇਕਾਂ ਅਤੇ ਲੇਖਾਕਾਰਾਂ ਦੀਆਂ ਆਸਾਮੀਆਂ ਬਦਲੀ ਰਾਹੀਂ ਭਰਨ ਬਾਰੇ ।

1.0 ਇਹ ਸੂਚਿਤ ਕੀਤਾ ਜਾਂਦਾ ਹੈ ਕਿ ਆਬਕਾਰੀ ਤੇ ਕਰ ਵਿਭਾਗ ਦੇ ਅਧੀਨ ਦਫਤਰਾਂ ਵਿੱਚ ਸੀਨੀਅਰ ਸਹਾਇਕਾਂ ਅਤੇ ਲੇਖਾਕਾਰਾਂ ਦੀਆਂ ਆਸਾਮੀਆਂ ਤੇ ਤਾਇਨਾਤ ਵਿਅੱਕਤੀਆਂ ਦੀਆਂ ਸੇਵਾਵਾਂ ਸ਼ਰਤਾਂ The Punjab Excise and Taxation Department (Subordinate Offices) (Group-B) Rules, 2022 ਵਿੱਚ ਕੀਤੇ ਗਏ ਉਪਬੰਧਾਂ ਰਾਹੀ ਸੰਚਾਲਿਤ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਨਿਯਮਾਂ ਵਿੱਚ ਕੀਤੇ ਗਏ ਉਪਬੰਧਾਂ ਅਨੁਸਾਰ ਸੀਨੀਅਰ ਸਹਾਇਕਾਂ ਦੀਆਂ ਆਸਾਮੀਆਂ ਰਾਜ ਸਰਕਾਰ ਦੇ ਦੂਜੇ ਵਿਭਾਗਾਂ ਵਿੱਚ ਕੰਮ ਕਰ ਰਹੇ ਸੀਨੀਅਰ ਸਹਾਇਕਾਂ ਵਿੱਚੋਂ ਬਦਲੀ ਰਾਹੀਂ ਭਰੀਆਂ ਜਾ ਸਕਦੀਆਂ ਹਨ । ਇਸ ਵਿਭਾਗ ਵਿੱਚ ਕੁੱਝ ਸੀਨੀਅਰ ਸਹਾਇਕਾਂ ਅਤੇ ਲੇਖਾਕਾਰਾਂ ਦੀਆਂ ਆਸਾਮੀਆਂ ਬਦਲੀ ਰਾਹੀਂ ਭਰਨ ਦਾ ਫੈਸਲਾ ਕੀਤਾ ਗਿਆ ਹੈ । ਆਪਦੇ ਵਿਭਾਗ ਵਿੱਚ ਜਿਹੜੇ ਕਰਮਚਾਰੀ ਬਤੌਰ ਸੀਨੀਅਰ ਸਹਾਇਕ ਅਤੇ ਲੇਖਾਕਾਰ ਦੀ ਆਸਾਮੀ ਤੇ ਕੰਮ ਕਰ ਰਹੇ ਹਨ, ਪਾਸੋਂ ਇਸ ਵਿਭਾਗ ਵਿੱਚ ਬਦਲੀ ਰਾਹੀਂ ਨਿਯੁਕਤ ਹੋਣ ਦੇ ਚਾਹਵਾਨ ਹੋਣ, ਪਾਸੋਂ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ ।

2.0 ਉਕਤ ਆਸਾਮੀਆਂ ਤੇ ਕੰਮ ਕਰਦੇ ਵਿਅੱਕਤੀਆਂ ਨੇ ਪਰਖ ਕਾਲ ਸਮਾਂ ਪਾਰ ਕੀਤਾ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਦਾ ਸੇਵਾ ਰਿਕਾਰਡ ਤਸੱਲੀਬਖਸ਼ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਵਿਰੁੱਧ ਕਿਸੇ ਪ੍ਰਕਾਰ ਦੀ ਕੋਈ ਅਨੁਸ਼ਾਸ਼ਨੀ ਕਾਰਵਾਈ ਜਾਂ ਵਿਜੀਲੈਂਸ ਪੜਤਾਲ ਪੈਂਡਿੰਗ ਨਹੀਂ ਹੋਣੀ ਚਾਹੀਦੀ। ਜਿਹੜੇ ਕਰਮਚਾਰੀ ਆਬਕਾਰੀ ਤੇ ਕਰ ਵਿਭਾਗ ਵਿੱਚ ਬਦਲੀ ਰਾਹੀਂ ਨਿਯੁਕਤੀ ਦੇ ਚਾਹਵਾਨ ਹੋਣ, ਉਨ੍ਹਾਂ ਦੀਆਂ ਅਰਜੀਆਂ, ਸਮੇਤ ਉਨ੍ਹਾਂ ਦੇ ਸੇਵਾ ਰਿਕਾਰਡ ਦੇ ਇਸ ਵਿਭਾਗ ਨੂੰ ਇਸ ਪੱਤਰ ਦੇ ਜਾਰੀ ਹੋਣ ਤੋਂ 21 ਦਿਨਾਂ ਦੇ ਅੰਦਰ ਅੰਦਰ ਭੇਜੀਆਂ ਜਾਣ ।

3.0 ਬਦਲੀ ਰਾਹੀਂ ਨਿਯੁਕਤ ਕਰਮਚਾਰੀਆਂ ਨੂੰ ਇੱਕ ਸਾਲ ਦੇ ਸਮੇਂ ਲਈ ਇਸ ਵਿਭਾਗ ਵਿੱਚ ਪਰਖਕਾਲ ਸਮੇਂ ਅਧੀਨ ਰਹਿਣਾ ਹੋਵੇਗਾ ਅਤੇ ਉਨ੍ਹਾਂ ਦੀ ਤਨਖਾਹ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ, ਜਿਲਦ-1, ਭਾਗ-1 ਵਿੱਚ ਕੀਤੇ ਗਏ ਉਪਬੰਧਾਂ ਅਨੁਸਾਰ ਨਿਸ਼ਚਿਤ ਕੀਤੀ ਜਾਵੇਗੀ ।

4.0 ਸੀਨੀਅਰ ਸਹਾਇਕਾਂ ਅਤੇ ਲੇਖਾਕਾਰਾਂ ਦੀਆਂ ਆਸਾਮੀਆਂ ਦੀ ਕੈਟਾਗਰੀ ਅਨੁਸਾਰ ਵੰਡ ਹੇਠ ਅਨੁਸਾਰ ਦਰਸਾਈ ਜਾਂਦੀ ਹੈ, ਜਿਸ ਵਿੱਚ ਸਮੇਂ-ਸਮੇਂ ਸਿਰ ਬਦਲਾਅ ਕੀਤਾ ਜਾ ਸਕਦਾ ਹੈ:-

**(ਸੀਨੀਅਰ ਸਹਾਇਕ)**

| Catergory | Sub-category | Total No. of Posts | No. of Reserved posts for women out of total No. of Posts |
|---|---|---|---|
| General | | 08 | 02 |
| B.C. | | 02 | 01 |
| S.C. | M&B | 03 | 01 |
| | R&O | 02 | 01 |
| ESM (Self/Dependent) | | 02 | 01 |
| Physically Handicapped | VI | 01 | |
| EWS | | 01 | 01 |
| Total | | 19 | 07 |

**(ਲੇਖਾਕਾਰ)**

| Catergory | Sub-category | Total No. of Posts | No. of Reserved posts for women out of total No. of Posts |
|---|---|---|---|
| General | | 03 | 01 |
| S.C. | M&B | 01 | 01 |
| | R&O | 01 | |
| Total | | 05 | 02 |

5.0 ਉਕਤ ਸਬੰਧੀ, ਬਦਲੀ ਦੇ ਚਾਹਵਾਨ ਕਰਮਚਾਰੀ ਆਪਣੀਆਂ ਅਰਜੀਆਂ ਮਿਤੀ 13.12.2024 ਤੱਕ ਯੋਗ ਪ੍ਰਣਾਲੀ ਰਾਂਹੀ ਸੁਪਰਡੰਟ (ਆਬਕਾਰੀ ਅਤੇ ਕਰ-2), ਮੇਨ ਸਕੱਤਰੇਤ, ਸੈਕਟਰ-1, ਚੰਡੀਗੜ੍ਹ ਦੇ ਦਫਤਰ ਵਿਖੇ ਭੇਜ ਸਕਦੇ ਹਨ।

ਵਿੱਤੀ ਕਮਿਸ਼ਨਰ (ਕਰ)

ਕਾਪੀ:

ਸੁਪਰਡੰਟ (ਆਬਕਾਰੀ ਅਤੇ ਕਰ-2), ਮਿੰਨੀ ਸਕੱਤਰੇਤ, ਸੈਕਟਰ-9, ਚੰਡੀਗੜ੍ਹ।